


2018 ਦੀ ਲੋਕਲ ਸਰਕਾਰ ਦੀ ਇਲੈਕਸ਼ਨ **ਆਮ ਪੁੱਛੇ ਜਾਂਦੇ ਸਵਾਲ**

FAQs

# ਬਰਨਬੀ ਸਿਟੀ
# ਲੋਕਲ ਸਰਕਾਰ ਦੀ ਇਲੈਕਸ਼ਨ

## ਸਨਿੱਚਰਵਾਰ, 20 ਅਕਤੂਬਰ, 2018
## ਅਡਵਾਂਸ ਵੋਟਿੰਗ – 6, 10 ਜਾਂ 13 ਅਕਤੂਬਰ

City of Burnaby

burnaby.ca/elections

### ਮੈਂ ਕਿਸ ਲਈ ਵੋਟ ਪਾ ਰਿਹਾ/ਰਹੀ ਹਾਂ?

ਬਰਨਬੀ ਦੇ ਹੱਕਦਾਰ ਵੋਟਰ ਇਕ ਮੇਅਰ, ਅੱਠ ਸਿਟੀ ਕੌਂਸਲਰਾਂ ਅਤੇ ਸੱਤ ਸਕੂਲ ਟਰੱਸਟੀਆਂ ਦੀ ਚੋਣ ਕਰਨਗੇ ਅਤੇ ਕਮਿਉਨਟੀ ਦੀ ਰਾਇ ਲਈ ਸਵਾਲਾਂ ਦੇ ਜਵਾਬ ਦੇਣਗੇ (ਡੈਕਲਾਰੇਸ਼ਨ ਔਫ ਪਾਰਕਲੈਂਡਜ਼)।

### ਮੈਨੂੰ ਵੋਟ ਕਿਉਂ ਪਾਉਣੀ ਚਾਹੀਦੀ ਹੈ?

ਚੁਣੇ ਹੋਏ ਅਧਿਕਾਰੀ ਫੈਸਲੇ ਕਰਦੇ ਹਨ ਜਿਹੜੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਉੱਪਰ ਸਿੱਧਾ ਅਸਰ ਪਾਉਂਦੇ ਹਨ: ਉਨ੍ਹਾਂ ਪਾਰਕਾਂ ਤੋਂ ਲੈ ਕੇ ਜਿੱਥੇ ਤੁਸੀਂ ਆਪਣੇ ਪਰਿਵਾਰ ਨਾਲ ਖੇਡਦੇ ਹੋ, ਸਾਈਕਲਾਂ ਲਈ ਉਨ੍ਹਾਂ ਰਾਹਾਂ ਤੱਕ ਜਿਨ੍ਹਾਂ ਦੀ ਵਰਤੋਂ ਤੁਸੀਂ ਰੋਜ਼ਾਨਾ ਕਰਦੇ ਹੋ, ਉਨ੍ਹਾਂ ਸਕੂਲਾਂ ਤੋਂ ਲੈ ਕੇ ਜਿੱਥੇ ਤੁਹਾਡੇ ਬੱਚੇ ਪੜ੍ਹਦੇ ਹਨ, ਸਿਟੀ ਸੈਂਟਰਾਂ ਤੱਕ ਜਿੱਥੇ ਤੁਸੀਂ ਖਰੀਦੋ-ਫਰੋਖਤ ਅਤੇ ਮੇਲਜੋਲ ਕਰਦੇ ਹੋ। ਆਪਣੀ ਲੋਕਲ ਸਰਕਾਰ ਬਾਰੇ ਜ਼ਿਆਦਾ ਜਾਣਨ ਲਈ **burnaby.ca** ’ਤੇ ਜਾਉ। ਤੁਸੀਂ ਜਿੱਥੇ ਰਹਿੰਦੇ ਹੋ, ਕੰਮ ਕਰਦੇ ਹੋ, ਖੇਡਦੇ ਹੋ ਅਤੇ ਸਿੱਖਦੇ ਹੋ ਉੱਥੇ ਤੁਹਾਡੀ ਵੋਟ ਮਹੱਤਵ ਰੱਖਦੀ ਹੈ!

### ਮੈਂ ਕਦੋਂ ਅਤੇ ਕਿੱਥੇ ਵੋਟ ਪਾ ਸਕਦਾ/ਸਕਦੀ ਹਾਂ?

ਕਿਤੇ ਵੀ ਵੋਟ ਪਾਉ! ਅਕਤੂਬਰ 2018 ਵਿਚ, ਹੱਕਦਾਰ ਵੋਟਰ ਉੱਥੇ ਵੋਟ ਪਾ ਸਕਦੇ ਹਨ ਜਿੱਥੇ ਉਹ ਰਹਿੰਦੇ, ਕੰਮ ਕਰਦੇ, ਖੇਡਦੇ ਜਾਂ ਸਿੱਖਦੇ ਹਨ, ਵੋਟਾਂ ਪਾਉਣ ਦੇ 34 ਸਥਾਨਾਂ ਵਿੱਚੋਂ ਕਿਸੇ ਵੀ ਇਕ ਸਥਾਨ ’ਤੇ। ਆਪਣੇ ਨੇੜੇ ਦਾ ਸਥਾਨ ਲੱਭਣ ਲਈ **burnaby.ca/elections** ’ਤੇ ਜਾਉ।

ਇਲੈਕਸ਼ਨ ਦਾ ਦਿਨ –ਸਨਿੱਚਰਵਾਰ, 20 ਅਕਤੂਬਰ, 2018
(ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ)

ਅਡਵਾਂਸ ਵੋਟਿੰਗ – 6, 10 ਜਾਂ 13 ਅਕਤੂਬਰ, 2018
(ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ)

### ਕੀ ਮੈਂ ਵੋਟ ਪਾਉਣ ਲਈ ਯੋਗ ਹਾਂ?

ਤੁਸੀਂ ਬਰਨਬੀ ਸਿਟੀ ਵਿਚ ਵੋਟ ਪਾਉਣ ਲਈ ਯੋਗ ਹੋ ਜੇ ਤੁਸੀਂ ਅੱਗੇ ਦੱਸੀਆਂ ਸ਼ਰਤਾਂ ਪੂਰੀਆਂ ਕਰਦੇ ਹੋ:

- ਇਲੈਕਸ਼ਨ ਵਾਲੇ ਦਿਨ ਨੂੰ ਤੁਸੀਂ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋ;
- ਕੈਨੇਡਾ ਦੇ ਸਿਟੀਜ਼ਨ ਹੋ;
- ਇਲੈਕਸ਼ਨ ਵਾਲੇ ਦਿਨ (19 ਅਪਰੈਲ, 2018) ਤੋਂ ਪਹਿਲਾਂ ਦੇ ਘੱਟੋ ਘੱਟ ਛੇ ਮਹੀਨਿਆਂ ਤੋਂ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਹੋ;
- ਇਲੈਕਸ਼ਨ ਵਾਲੇ ਦਿਨ (19 ਅਪਰੈਲ, 2018) ਤੋਂ ਪਹਿਲਾਂ ਦੇ ਘੱਟੋ ਘੱਟ 30 ਦਿਨਾਂ ਤੋਂ ਬਰਨਬੀ ਦੇ ਵਸਨੀਕ ਹੋ; ਅਤੇ
- ਤੁਹਾਨੂੰ ਕਿਸੇ ਐਕਟ ਜਾਂ ਕਾਨੂੰਨ ਨੇ ਵੋਟ ਪਾਉਣ ਤੋਂ ਅਯੋਗ ਕਰਾਰ ਨਹੀਂ ਦਿੱਤਾ।

### ਕੀ ਮੈਂ ਵੋਟ ਪਾਉਣ ਲਈ ਰਜਿਸਟਰ ਹਾਂ?

ਅੱਜ ਹੀ ਔਨਲਾਈਨ **burnaby.ca/elections** ’ਤੇ ਜਾ ਕੇ ਇਹ ਪੱਕਾ ਪਤਾ ਕਰੋ ਕਿ ਤੁਸੀਂ ਬਰਨਬੀ ਵੋਟਰਾਂ ਦੀ ਲਿਸਟ ’ਤੇ ਹੋ।

### ਮੈਂ ਰਜਿਸਟਰ ਹਾਂ ਪਰ ਆਪਣਾ ਨਾਂ ਅਤੇ/ਜਾਂ ਐਡਰੈਸ ਬਦਲ ਲਿਆ ਹੈ। ਮੈਂ ਆਪਣੀ ਜਾਣਕਾਰੀ ਕਿਵੇਂ ਅਪਡੇਟ ਕਰਾਂ?

ਜੇ ਤੁਸੀਂ ਆਪਣੀ ਨਿੱਜੀ ਜਾਣਕਾਰੀ ਅਪਡੇਟ ਕਰ ਰਹੇ ਹੋਵੋ ਤਾਂ ਕਿਰਪਾ ਕਰਕੇ ਵੋਟ ਪਾਉਣ ਲਈ ਆਪਣੇ ਨਾਲ ਦੋ ਯੋਗ ਪਛਾਣ-ਪੱਤਰ (ਆਇਡੈਂਟੀਫਿਕੇਸ਼ਨ) ਲੈ ਕੇ ਆਉ ਜਿਸ ’ਤੇ ਤੁਹਾਡਾ ਨਵਾਂ ਨਾਂ/ਐਡਰੈਸ ਅਤੇ ਦਸਖਤ ਹੋਣ।

### ਕੀ ਮੈਂ ਵੋਟ ਪਾਉਣ ਵੇਲੇ ਰਜਿਸਟਰ ਹੋ ਸਕਦਾ/ਸਕਦੀ ਹਾਂ?

ਬਰਨਬੀ ਦੇ ਯੋਗ ਵੋਟਰ ਨਿੱਜੀ ਤੌਰ ’ਤੇ 6, 10, 13 ਜਾਂ 20 ਅਕਤੂਬਰ ਨੂੰ ਰਜਿਸਟਰ ਹੋ ਸਕਦੇ ਹਨ। ਆਪਣੇ ਨਾਲ ਦੋ ਆਈ ਡੀਆਂ ਲਿਆਉਣਾ ਯਾਦ ਰੱਖੋ।

ਦੂਜਾ ਪਾਸਾ ਦੇਖੋ

## ਕੀ ਮੈਨੂੰ ਵੋਟ ਪਾਉਣ ਲਈ ਮਦਦ ਮਿਲ ਸਕਦੀ ਹੈ?

ਜੇ ਤੁਹਾਨੂੰ ਵੋਟ ਪਾਉਣ ਲਈ ਦੋਭਾਸ਼ੀਏ ਜਾਂ ਹੋਰ ਮਦਦ ਦੀ ਲੋੜ ਹੋਵੇ ਤਾਂ ਅਸੀਂ ਤੁਹਾਨੂੰ ਉਤਸ਼ਾਹ ਦਿੰਦੇ ਹਾਂ ਕਿ ਵੋਟ ਪਾਉਣ ਵਿਚ ਆਪਣੀ ਮਦਦ ਲਈ ਆਪਣੇ ਨਾਲ ਵੋਟ ਪਾਉਣ ਵਾਲੇ ਸਥਾਨ ’ਤੇ ਕਿਸੇ ਨੂੰ ਨਾਲ ਲੈ ਕੇ ਆਉ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਮਦਦ ਕਰਨ ਲਈ ਉਨ੍ਹਾਂ ਨੂੰ ਇਕ ਐਲਾਨਨਾਮਾ ਭਰਨ ਦੀ ਲੋੜ ਪਵੇਗੀ। ਜੇ ਤੁਹਾਨੂੰ ਵੋਟਾਂ ਵਾਲੇ ਸਥਾਨ ਵਿਚ ਦਾਖਲ ਹੋਣ ਵਿਚ ਮੁਸ਼ਕਲ ਆਉਂਦੀ ਹੋਵੇ ਤਾਂ ਤੁਸੀਂ ਆਪਣੀ ਵੋਟ ਪਰਚੀ ਬਾਹਰ ਲੈਣ ਅਤੇ ਨਿਸ਼ਾਨ ਲਾਉਣ ਲਈ ਕਹਿ ਸਕਦੇ ਹੋ (ਕਰਬਸਾਈਡ ਵੋਟਿੰਗ)। ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਨਾਲ ਲਿਆਉਣ ਦੇ ਅਯੋਗ ਹੋਵੋ ਜਿਹੜਾ ਪ੍ਰੀਜ਼ਾਈਡਿੰਗ ਇਲੈਕਸ਼ਨ ਅਧਿਕਾਰੀ ਨੂੰ ਇਹ ਦੱਸ ਸਕੇ ਕਿ ਤੁਹਾਨੂੰ ਬਾਹਰ ਮਦਦ ਦੀ ਲੋੜ ਹੈ ਤਾਂ ਪਹੁੰਚਯੋਗ ਪਾਰਕਿੰਗ ਸਟਾਲ ’ਤੇ ਸੰਪਰਕ ਕਰਨ ਲਈ ਇਕ ਨੰਬਰ ਹੋਵੇਗਾ ਜਿਹੜਾ ਤੁਹਾਡੀ ਸਹੂਲਤ ਲਈ ਸਾਫ ਸਾਫ ਦਿਖਾਇਆ ਗਿਆ ਹੋਵੇਗਾ।

## ਵੋਟ ਪਾਉਣ ਲਈ ਮੈਨੂੰ ਕਿਹੜੀ ਆਈ ਡੀ ਲਿਆਉਣੀ ਚਾਹੀਦੀ ਹੈ?

ਜੇ ਤੁਸੀਂ ਬਰਨਬੀ ਵਿਚ ਵੋਟ ਪਾਉਣ ਲਈ ਪਹਿਲਾਂ ਹੀ ਰਜਿਸਟਰ ਹੋ ਤਾਂ ਅਕਤੂਬਰ ਦੇ ਸ਼ੁਰੂ ਵਿਚ ਤੁਹਾਨੂੰ ਡਾਕ ਰਾਹੀਂ ਇਕ ਵੋਟਰ ਕਾਰਡ ਮਿਲੇਗਾ। ਕਿਰਪਾ ਕਰਕੇ ਇਹ ਕਾਰਡ ਆਪਣੇ ਨਾਲ ਵੋਟਾਂ ਵਾਲੇ ਸਥਾਨ ’ਤੇ ਲੈ ਕੇ ਆਉ, ਕਿਉਂਕਿ ਇਸ ਨਾਲ ਤੁਹਾਡੇ ਵੋਟ ਪਾਉਣ ਦੇ ਤਜਰਬੇ ਦੀ ਸਪੀਡ ਅਤੇ ਕਾਰਗਰਤਾ ਵਧ ਜਾਵੇਗੀ।

ਜੇ ਤੁਹਾਨੂੰ ਵੋਟਰ ਕਾਰਡ ਨਹੀਂ ਮਿਲਦਾ ਜਾਂ ਜੇ ਤੁਸੀਂ ਆਪਣੀ ਨਿੱਜੀ ਜਾਣਕਾਰੀ ਅਪਡੇਟ ਕਰ ਰਹੇ ਹੋਵੋ ਤਾਂ ਕਿਰਪਾ ਕਰਕੇ ਦੋ ਯੋਗ ਪਛਾਣ-ਪੱਤਰ ਲੈ ਕੇ ਆਉ ਜਿਹੜੇ ਇਹ ਸਾਬਤ ਕਰਦੇ ਹੋਣ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ, ਜਿਨ੍ਹਾਂ ਵਿੱਚੋਂ ਇਕ ’ਤੇ ਤੁਹਾਡੇ ਦਸਖਤ ਹੋਣੇ ਜ਼ਰੂਰੀ ਹਨ:

- ਬੀ ਸੀ ਡਰਾਈਵਰ ਦਾ ਲਾਇਸੰਸ
- ਆਈ ਸੀ ਬੀ ਸੀ ਵਲੋਂ ਜਾਰੀ ਕੀਤਾ ਗਿਆ ਬੀ ਸੀ ਆਇਡੈਂਟੀਫੀਕੇਸ਼ਨ ਕਾਰਡ
- ਆਈ ਸੀ ਬੀ ਸੀ ਵਲੋਂ ਜਾਰੀ ਕੀਤਾ ਗਿਆ ਮਾਲਕ ਦੀ ਇਨਸ਼ੋਰੈਂਸ ਦਾ ਸਰਟੀਫਿਕੇਟ ਅਤੇ ਗੱਡੀ ਦਾ ਲਾਇਸੰਸ
- ਬੀ ਸੀ ਕੇਅਰਕਾਰਡ
- ਬੀ ਸੀ ਸਰਵਿਸਿਜ਼ ਕਾਰਡ
- ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਦਾ ਇਨਕਮ ਅਸਿਸਟੈਂਸ ਦਾ ਮਹੀਨਾਵਾਰ ਰਿਪੋਰਟ ਫਾਰਮ
- ਸੋਸ਼ਲ ਇਨਸ਼ੋਰੈਂਸ ਕਾਰਡ
- ਕੈਨੇਡੀਅਨ ਪਾਸਪੋਰਟ ਜਾਂ ਸਿਟੀਜ਼ਨਸ਼ਿਪ ਕਾਰਡ
- ਬਰਨਬੀ ਸਿਟੀ ਵਲੋਂ ਜਾਰੀ ਕੀਤਾ ਗਿਆ ਪ੍ਰਾਪਰਟੀ ਟੈਕਸ ਦਾ ਨੋਟਿਸ
- ਕਰੈਡਿਟ ਜਾਂ ਡੈਬਿਟ ਕਾਰਡ
- ਯੂਟਿਲਟੀ ਬਿਲ (ਬਿਜਲੀ, ਨੈਚੁਰਲ ਗੈਸ, ਪਾਣੀ, ਟੈਲੀਫੋਨ ਜਾਂ ਕੇਬਲ ਦੀ ਸਰਵਿਸ)
- ਸਟੂਡੈਂਟ ਕਾਰਡ।

## ਵੋਟ ਪਾਉਣ ਤੋਂ ਪਹਿਲਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਵੋਟ ਪਾਉਣ ਦੇ ਤਜਰਬੇ ਨੂੰ ਸਰਲ ਬਣਾਉਣ ਲਈ ਪੰਜ ਸੌਖੇ ਕਦਮ:

1. burnaby.ca/elections ’ਤੇ ਇਹ ਪੱਕਾ ਕਰੋ ਕਿ ਤੁਸੀਂ ਵੋਟ ਪਾਉਣ ਲਈ ਯੋਗ ਹੋ ਅਤੇ ਰਜਿਸਟਰ ਹੋ।
2. ਇਹ ਜਾਣਨ ਲਈ ਕਿ ਕੌਣ ਕੌਣ ਇਲੈਕਸ਼ਨ ਲੜ ਰਿਹਾ ਹੈ **ਉਮੀਦਵਾਰਾਂ ਦੀ ਜਾਣਕਾਰੀ** ਪੜ੍ਹੋ। ਇਹ ਜਾਣਕਾਰੀ ਸਤੰਬਰ ਦੇ ਅੰਤ ਤੱਕ ਉਪਲਬਧ ਹੋਵੇਗੀ।
3. ਜੇ ਤੁਸੀਂ ਰਜਿਸਟਰ ਹੋ ਤਾਂ ਇਕ ਵੋਟਰ ਕਾਰਡ ਪੈਕੇਜ ਤੁਹਾਨੂੰ ਅਕਤੂਬਰ ਦੇ ਸ਼ੁਰੂ ਵਿਚ ਡਾਕ ਰਾਹੀਂ ਭੇਜਿਆ ਜਾਵੇਗਾ। ਇਸ ਪੈਕੇਜ ਨੂੰ ਧਿਆਨ ਨਾਲ ਵਿਚਾਰੋ, ਵੋਟਰ ਕਾਰਡ ਨੂੰ ਲਾਹੋ ਅਤੇ ਆਪਣੇ ਨਾਂ ਨਾਲ ਲੈ ਕੇ ਆਉ।
4. ਜੇ ਤੁਹਾਨੂੰ ਵੋਟਰ ਕਾਰਡ ਨਹੀਂ ਮਿਲਦਾ ਤਾਂ ਦੋ ਆਈ ਡੀਆਂ ਲਿਆਉ।
5. ਇਹ ਫੈਸਲਾ ਕਰੋ ਕਿ **ਵੋਟਾਂ ਪਾਉਣ** ਦੇ 34 **ਸਥਾਨਾਂ** ਵਿੱਚੋਂ ਕਿਹੜਾ ਤੁਹਾਡੇ ਲਈ ਸਭ ਤੋਂ ਜ਼ਿਆਦਾ ਢੁਕਵਾਂ ਹੈ ਅਤੇ ਇਹ ਪੱਕਾ ਕਰੋ ਕਿ ਤੁਸੀਂ ਕਦੋਂ ਅਤੇ ਕਿੱਥੇ ਵੋਟ ਪਾਉਗੇ।

## ਵੋਟ ਪਾਉਣ ਵੇਲੇ ਮੈਨੂੰ ਕੀ ਉਮੀਦ ਰੱਖਣੀ ਚਾਹੀਦੀ ਹੈ?

**ਵੋਟਾਂ ਪਾਉਣ** ਦੇ 34 **ਸਥਾਨਾਂ** ਵਿਚ ਵੋਟ ਪਾਉਣ ਦੇ ਪੰਜ ਸੌਖੇ ਕਦਮ:

1. ਵੋਟ ਪਾਉਣ ਦੇ ਸਥਾਨ ਅੰਦਰ ਜਾਣ ਤੋਂ ਪਹਿਲਾਂ ਆਪਣਾ ਵੋਟਰ ਕਾਰਡ ਜਾਂ ਦੋ ਆਈ ਡੀਆਂ ਤਿਆਰ ਰੱਖੋ।
2. ਵੋਟ ਪਾਉਣ ਵਾਲੇ ਸਥਾਨ ’ਤੇ ਤੁਹਾਡਾ ਸੁਆਗਤ ਕੀਤਾ ਜਾਵੇਗਾ, ਤੁਹਾਨੂੰ ਸਵਾਲ ਪੁੱਛਣ ਦਾ ਮੌਕਾ ਮਿਲੇਗਾ ਅਤੇ ਪ੍ਰੈਕਟਿਸ ਕਰਨ ਲਈ ਵੋਟ ਪਰਚੀ ’ਤੇ ਨਿਸ਼ਾਨੀ ਲਾਉਣ ਦਾ ਮੌਕਾ ਮਿਲੇਗਾ। ਇਸ ਵੇਲੇ ਤੁਹਾਨੂੰ ਪਹਿਲੇ ਉਪਲਬਧ ਇਲੈਕਸ਼ਨ ਅਧਿਕਾਰੀ ਕੋਲ ਭੇਜਿਆ ਜਾਵੇਗਾ।
3. ਇਲੈਕਸ਼ਨ ਅਧਿਕਾਰੀ ਤੁਹਾਡਾ ਵੋਟਰ ਕਾਰਡ ਜਾਂ ਆਈ ਡੀ ਦੇਖੇਗਾ, ਤੁਹਾਨੂੰ ਵੋਟਾਂ ਵਾਲੀ ਬੁੱਕ ’ਤੇ ਦਸਖਤ ਕਰਨ ਲਈ ਕਿਹਾ ਜਾਵੇਗਾ, ਅਤੇ ਤੁਹਾਨੂੰ ਆਪਣੀ **ਵੋਟ ਪਰਚੀ** (ਬੈਲਟ) ਅਤੇ ਗੁਪਤ ਰੱਖਣ ਲਈ ਕਵਰ ਮਿਲਣਗੇ।
4. ਫਿਰ ਤੁਸੀਂ ਵੋਟ ਪਾਉਣ ਵਾਲੇ ਬੂਥ ’ਤੇ ਜਾਉਗੇ ਜਿੱਥੇ ਆਪਣੀ ਵੋਟ ਪਰਚੀ ’ਤੇ ਨਿਸ਼ਾਨੀ ਲਾਉਣ ਲਈ ਤੁਹਾਡੇ ਕੋਲ ਪ੍ਰਾਈਵੇਸੀ ਹੋਵੇਗੀ।
5. ਆਪਣੀ ਵੋਟ ਪਰਚੀ ਨੂੰ ਮੁਕੰਮਲ ਕਰਨ ਤੋਂ ਬਾਅਦ ਇਸ ਨੂੰ ਗੁਪਤ ਕਵਰ ਵਿਚ ਪਾਉ ਅਤੇ ਮਸ਼ੀਨ ਅਟੈਨਡੈਂਟ ਤੁਹਾਨੂੰ ਆਪਣੀ ਵੋਟ ਪਰਚੀ ਵੋਟਿੰਗ ਮਸ਼ੀਨ ਵਿਚ ਪਾਉਣ ਲਈ ਕਹੇਗਾ।

## ਮੈਂ ਬਰਨਬੀ ਵਿਚ ਪ੍ਰਾਪਰਟੀ ਦਾ/ਦੀ ਮਾਲਕ ਹਾਂ, ਪਰ ਮੈਂ ਬਰਨਬੀ ਵਿਚ ਨਹੀਂ ਰਹਿੰਦਾ/ਰਹਿੰਦੀ, ਕੀ ਮੈਂ ਵੋਟ ਪਾ ਸਕਦਾ/ਸਕਦੀ ਹਾਂ?

ਤੁਸੀਂ ਬਰਨਬੀ ਸਿਟੀ ਵਿਚ ਗੈਰ-ਵਸਨੀਕ ਪ੍ਰਾਪਰਟੀ ਵੋਟਰ ਵਜੋਂ ਵੋਟ ਪਾਉਣ ਲਈ ਯੋਗ ਹੋ ਜੇ ਤੁਸੀਂ ਅੱਗੇ ਦੱਸੀਆਂ ਸ਼ਰਤਾਂ ਪੂਰੀਆਂ ਕਰਦੇ ਹੋ:

- ਇਲੈਕਸ਼ਨ ਵਾਲੇ ਦਿਨ ਨੂੰ ਤੁਸੀਂ 18 ਸਾਲ ਜਾਂ ਜ਼ਿਆਦਾ ਉਮਰ ਦੇ ਹੋ;
- ਕੈਨੇਡਾ ਦੇ ਸਿਟੀਜ਼ਨ ਹੋ;
- ਇਲੈਕਸ਼ਨ ਵਾਲੇ ਦਿਨ (19 ਅਪਰੈਲ, 2018) ਤੋਂ ਪਹਿਲਾਂ ਦੇ ਘੱਟੋ ਘੱਟ ਛੇ ਮਹੀਨਿਆਂ ਤੋਂ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਹੋ;
- ਇਲੈਕਸ਼ਨ ਵਾਲੇ ਦਿਨ (19 ਅਪਰੈਲ, 2018) ਤੋਂ ਪਹਿਲਾਂ ਦੇ ਘੱਟੋ ਘੱਟ 30 ਦਿਨਾਂ ਤੋਂ ਬਰਨਬੀ ਵਿਚ ਪ੍ਰਾਪਰਟੀ ਦੇ ਮਾਲਕ ਹੋ;
- ਬਰਨਬੀ ਸਿਟੀ ਵਿਚ ਵਸਨੀਕ ਵੋਟਰ ਵਜੋਂ ਵੋਟ ਪਾਉਣ ਦੇ ਯੋਗ ਨਹੀਂ ਹੋ;
- ਇਕ ਪ੍ਰਾਪਰਟੀ ਦੇ ਸੰਬੰਧ ਵਿਚ ਰਜਿਸਟਰ ਹੋ;
- ਜੇ ਇਕ ਨਾਲੋਂ ਜ਼ਿਆਦਾ ਵਿਅਕਤੀ ਪ੍ਰਾਪਰਟੀ ਦੇ ਮਾਲਕ ਹਨ ਤਾਂ ਸਿਰਫ ਇਕ ਮਾਲਕ ਹੀ ਵੋਟ ਪਾ ਸਕਦਾ ਹੈ। ਵੋਟਾਂ ਵਾਲੇ ਸਥਾਨ ’ਤੇ ਮਾਲਕੀ ਦੇ ਸਬੂਤ ਦੇ ਨਾਲ ਨਾਲ ਇਕ ਸਹਿਮਤੀ ਫਾਰਮ ਵੀ ਲਿਆਉਣਾ ਜ਼ਰੂਰੀ ਹੈ; ਅਤੇ
- ਤੁਹਾਨੂੰ ਕਿਸੇ ਐਕਟ ਜਾਂ ਕਾਨੂੰਨ ਨੇ ਵੋਟ ਪਾਉਣ ਤੋਂ ਅਯੋਗ ਕਰਾਰ ਨਹੀਂ ਦਿੱਤਾ।

**ਨੋਟ:** ਜੇ ਯੋਗ ਹੋਵੋ ਤਾਂ ਤੁਹਾਨੂੰ ਇਲੈਕਸ਼ਨ ਵਾਲੇ ਦਿਨ ਨਿੱਜੀ ਤੌਰ ’ਤੇ ਗੈਰ-ਵਸਨੀਕ ਪ੍ਰਾਪਰਟੀ ਵੋਟਰ ਦੇ ਤੌਰ ’ਤੇ ਰਜਿਸਟਰ ਹੋਣ ਦੀ ਲੋੜ ਪਵੇਗੀ।

## ਜ਼ਿਆਦਾ ਜਾਣਕਾਰੀ ਲਈ:

**burnaby.ca/elections** **#bbyelxn**
**elections@burnaby.ca** **604-294-7088**

ਸਾਨੂੰ ਲਾਈਕ ਕਰੋ @cityofburnaby
ਸਾਨੂੰ ਫੋਲੋ ਕਰੋ @cityofburnaby
ਸਾਨੂੰ ਫੋਲੋ ਕਰੋ @cityofburnaby

City of Burnaby